<table>
<tr>
<td>OFFICE OF THE DIRECTOR GENERAL OF POLICE PUNJAB, CHANDIGARH.</td>
<td>ਪ੍ਰਸਾਸਨ ਵਿੰਗ<br>(ਅਮਲਾ-1 ਸਾਖਾ)</td>
<td>ਦਫਤਰ,<br>ਡਾਇਰੈਕਟਰ ਜਨਰਲ ਪੁਲਿਸ , ਪੰਜਾਬ, ਚੰਡੀਗੜ੍ਹ ।</td>
</tr>
</table>

ਵੱਲ

ਸਮੂਹ ਦਫਤਰ ਪੰਜਾਬ ਪੁਲਿਸ।
(ਸਮੇਤ ਇੰਟੈਲੀਜੈਂਸ ਵਿੰਗ, ਵਿਜੀਲੈਂਸ ਬਿਉਰੋ,
ਸੁਰੱਖਿਆ ਵਿੰਗ ਅਤੇ ਬਿਉਰੋ ਆਫ ਇੰਵੈਸਟੀਗੇਸ਼ਨ )

ਯਾਦ ਪੱਤਰ ਨੰ:69-169 /ਈ-1(2)
ਮਿਤੀ, ਚੰਡੀਗੜ:03.01.18

ਵਿਸ਼ਾ :- **ਪੰਜਾਬ ਪੁਲਿਸ ਐਕਟ,2007 ਹੋਂਦ ਵਿਚ ਆਉਣ ਉਪਰੰਤ ਏ੍ਰਐਸ਼ਆਈ ਦੀ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿਚ ਵੰਡ ਕਰਨ ਸਬੰਧੀ।**

******

ਹਵਾਲਾ ਇਸ ਦਫਤਰ ਦੇ ਪੱਤਰ ਨੰ: 13232-13332/ਈ-1(2) ਮਿਤੀ 11.12.2017 ਦੀ ਲੜੀ ਵਿੱਚ, ਵਿô ਾ ਉਪਰੋਕਤ ਦੇ ਸਬੰਧ ਵਿੱਚ ।

2 ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਲਿਸਟ ਸੀ-1 ਦੇ ਅਧਾਰ ਤੇ ਮੁੱਖ ਸਿਪਾਹੀ ਦੇ ਰੈਂਕ ਵਿਚ 19,912 ਕਰਮਚਾਰੀਆਂ ਦੀ ਸੀਨੀਅਰਤਾ ਸੂਚੀ ਮਿਤੀ 19.02.2008 ਤੱਕ ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਭੇਜੀ ਗਈ ਸੀ ਅਤੇ ਪੰਜਾਬ ਪੁਲਿਸ ਦੀ ਵੈੱਬਸਾਇਟ ਤੇ ਅੱਪਲੋਡ ਕੀਤੀ ਗਈ ਸੀ। ਜਿਸ ਅਨੁਸਾਰ ਏ੍ਰਐਸ਼ਆਈ ਰੈੱਕ ਵਿੱਚ 7575 ਕਰਮਚਾਰੀਆਂ ਦੀ ਸੀਨੀਆਰਤਾ ਮਿਤੀ 19.02.08 ਤੱਕ ਹਵਾਲਾ ਅਧੀਨ ਪੱਤਰ ਰਾਹੀ ਆਪ ਜੀ ਨੂੰ ਭੇਜੀ ਗਈ ਸੀ ।

3. ਐਸ.ਆਈ ਦੇ ਰੈਂਕ ਵਿਚ ਤਰੱਕੀ ਦੇਣ ਅਤੇ ਸੇਵਾ ਮੁੱਕਤ/ ਮੌਤ / ਨੌਕਰੀ ਤੋਂ ਬਰਖਾਸਤ ਹੋਏ ਕਰਮਚਾਰੀਆਂ ਨੂੰ ਕੱਢਣ ਉਪਰੰਤ ਮਿਤੀ 19.02.2008 ਤੱਕ ਕੁੱਲ 3001 ਏ੍ਰਐਸ਼ਆਈ ਹੀ ਸੀਨੀਅਰਤਾ ਸੂਚੀ ਵਿਚ ਬਾਕੀ ਬਚਦੇ ਹਨ। ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਮਿਤੀ 20.02.2008 ਤੋਂ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਸੀਨੀਅਰਤਾ ਸੂਚੀ ਵੱਖ-ਵੱਖ ਤਿਆਰ ਕੀਤੀ ਜਾਣੀ ਬਣਦੀ ਹੈ।

4. ਉਪਰੋਕਤ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਸਿਵਲ ਰਿੱਟ ਪਟੀਸ਼ਨ ਨੰ: 21095/2016 ਦਾਇਰ ਵਲੋਂ ਇੰਸ: ਸੁਖਵਿੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਸਬੰਧ ਵਿਚ ਇਸ ਦਫਤਰ ਵਲੋਂ ਮਾਨਯੋਗ ਹਾਈ ਕੋਰਟ ਵਿਖੇ ਹੇਠ ਲਿਖੇ ਅਨੁਸਾਰ ਹਲਫੀਆ ਬਿਆਨ ਦਿੱਤਾ ਗਿਆ ਹੈ:-

> "Tentative Seniority of HCs w.e.f. 01.01.1991 to 31.12.2007 has been circulated on 09.05.2017 and their objections have been invited. After completion of seniority list upto 20.02.2008, option would be given to all officials as to whether they want to remain in District Police Cadre or in PAP. The issue of their allocation of separate cadres (i.e. PAP Cadre and District Police Cadres) would be decided on the basis of option cum merit, keeping in view the sanctioned strength of the particular cadre".

5. ਉਪਰੋਕਤ ਦਰਸਾਏ ਅਨੁਸਾਰ 3001 ਏ੍ਰਐਸ਼ਆਈਜ (ਲਿਸਟ ਪੰਜਾਬ ਪੁਲਿਸ ਵੈੱਬਸਾਇਟ ਤੇ ਵੇਖੀ ਜਾਵੇ ) ਵਿਚੋਂ ਹੁਣ ਤੱਕ ਬਹੁਤ ਕਰਮਚਾਰੀ ਉਚੇਰੇ ਰੈਂਕ ਵਿਚ ਤਰੱਕੀਯਾਬ ਹੋ ਗਏ ਹਨ ਅਤੇ ਇਹਨਾਂ ਵਿਚੋਂ ਬਹੁਤ ਸਾਰੇ ਕਰਮਚਾਰੀ ਰਿਟਾਇਰ ਵੀ ਹੋ ਚੁੱਕੇ ਹਨ। ਮਿਤੀ

20.02.2008 ਤੋਂ ਬਾਅਦ ਇਹਨਾਂ ਕਰਮਚਾਰੀਆਂ ਨੂੰ ਏ.ਐਸ.ਆਈ. ਰੈਂਕ ਵਿਚ ਡੀਮ ਡੇਟ ਦੇਣ ਲਈ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿਚ ਵੱਖਰੇ ਤੌਰ ਤੇ ਸੀਨੀਅਰਤਾ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਹਨ। ਇਸ ਲਈ ਇਹਨਾਂ ਸਮੂਹ ਕਰਮਚਾਰੀਆਂ ਤੋਂ ਹੇਠ ਲਿਖੇ ਪ੍ਰਫਾਰਮੇਂ ਵਿਚ ਆਪਸ਼ਨ ਲੈ ਕੇ 07 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਹਨਾਂ ਦੀ ਵੰਡ ਕਰਨ ਉਪਰੰਤ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿਚ ਮਿਤੀ 20.02.2008 ਤੋਂ ਬਾਅਦ ਹੁਣ ਤੱਕ ਇਹਨਾਂ ਦੀਆਂ ਤਰੱਕੀਆਂ ਦੇ ਕੇਸ ਵਿਚਾਰੇ ਜਾ ਸਕਣ:-

**ਆਪਸ਼ਨ (OPTION) ਦਾ ਫਾਰਮ-1**

ਮੈਂ ਏਐਸ਼ਆਈ__________ ਨੰ: ______ ਮੌਜੂਦਾ ਰੈਂਕ ਅਤੇ ਨੰ:________ ਤਾਇਨਾਤੀ__________, ਰਿਵਾਇਜ਼ਡ ਸੀਨੀਅਰਤਾ ਅਨੁਸਾਰ ਮਿਤੀ ________ ਤੋਂ ਬਤੌਰ ਏਐਸ਼ਆਈ ਤਰੱਕੀਯਾਬ ਕੀਤਾ ਗਿਆ ਹਾਂ। ਮੈਂ ਮਿਤੀ 20.02.2008 ਤੋਂ ਬਾਅਦ ਆਪਣੀ ਤਰੱਕੀ ਉਚੇਰੇ ਰੈਂਕ ਵਿਚ ਅਤੇ ਸੀਨੀਅਰਤਾ **ਜਿਲ੍ਹਾ ਕੇਡਰ** ਵਿਚ ਫਿਕਸ ਕਰਨ ਲਈ ਸਹਿਮਤੀ ਦਿੰਦਾ ਹਾਂ। ਮੇਰੇ ਵਲੋਂ ਦਿੱਤੀ ਗਈ ਸਹਿਮਤੀ ਅੰਤਿਮ ਹੋਵੇਗੀ।

ਮਿਤੀ______
ਸਥਾਨ________

ਦਸਤਖਤ________
ਨਾਮ __________
ਅਹੁੱਦਾ__________
ਵਿਭਾਗ ਦਫਤਰ ਦਾ ਨਾਂ ਜਿੱਥੇ ਨੌਕਰੀ ਲੱਗਾ ਹੈ________

ਤਸਦੀਕ________

(ਦਫਤਰ ਦਾ ਮੁੱਖੀ ਜਾਂ
ਜਿੰਮੇਵਾਰ ਅਧਿਕਾਰੀ)

**ਆਪਸ਼ਨ (OPTION) ਦਾ ਫਾਰਮ-2**

ਮੈਂ ਏਐਸ਼ਆਈ__________ ਨੰ: ______ ਮੌਜੂਦਾ ਰੈਂਕ ਅਤੇ ਨੰ:________ ਤਾਇਨਾਤੀ__________, ਰਿਵਾਇਜ਼ਡ ਸੀਨੀਅਰਤਾ ਅਨੁਸਾਰ ਮਿਤੀ ________ ਤੋਂ ਬਤੌਰ ਏਐਸ਼ਆਈ ਤਰੱਕੀਯਾਬ ਕੀਤਾ ਗਿਆ ਹਾਂ। ਮੈਂ ਮਿਤੀ 20.02.2008 ਤੋਂ ਬਾਅਦ ਆਪਣੀ ਤਰੱਕੀ ਉਚੇਰੇ ਰੈਂਕ ਵਿਚ ਅਤੇ ਸੀਨੀਅਰਤਾ **ਆਰਮਡ ਕੇਡਰ** ਵਿਚ ਫਿਕਸ ਕਰਨ ਲਈ ਸਹਿਮਤੀ ਦਿੰਦਾ ਹਾਂ। ਮੇਰੇ ਵਲੋਂ ਦਿੱਤੀ ਗਈ ਸਹਿਮਤੀ ਅੰਤਿਮ ਹੋਵੇਗੀ।

ਮਿਤੀ______
ਸਥਾਨ________

ਦਸਤਖਤ________
ਨਾਮ __________
ਅਹੁੱਦਾ__________
ਵਿਭਾਗ ਦਫਤਰ ਦਾ ਨਾਂ ਜਿੱਥੇ ਨੌਕਰੀ ਲੱਗਾ ਹੈ________

ਤਸਦੀਕ________

(ਦਫਤਰ ਦਾ ਮੁੱਖੀ ਜਾਂ
ਜਿੰਮੇਵਾਰ ਅਧਿਕਾਰੀ)

6. ਪੰਜਾਬ ਪੁਲਿਸ ਐਕਟ, 2007 ਅਨੁਸਾਰ ਇੱਕ ਕੇਡਰ ਤੋਂ ਦੂਜੇ ਕੇਡਰ ਵਿਚ ਕਰਮਚਾਰੀ ਦੀ ਬਦਲੀ ਨਹੀਂ ਕੀਤੀ ਜਾ ਸਕਦੀ। ਇਸ ਲਈ ਕਰਮਚਾਰੀ ਵਲੋਂ ਦਿੱਤੀ ਗਈ ਆਪਸ਼ਨ ਅੰਤਿਮ ਹੋਵੇਗੀ। ਪ੍ਰੰਤੂ ਜੇਕਰ ਕਿਸੇ ਵੀ ਕੇਡਰ ਵਿਚ ਅਸਾਮੀਆਂ ਤੋਂ ਵੱਧ ਆਪਸ਼ਨਾਂ ਆਉਂਦੀਆਂ ਹਨ ਤਾਂ

ਸੀਨੀਅਰਤਾ -ਕਮ-ਮੈਰਿਟ ਅਤੇ ਵਕੈਂਸੀ ਦੇ ਅਧਾਰ ਤੇ ਮੰਨਜੂਰਸ਼ੁਦਾ ਅਸਾਮੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਜੂਨੀਅਰ ਮੋਸਟ ਕਰਮਚਾਰੀਆਂ ਨੂੰ ਦੂਜੇ ਕੇਡਰ ਵਿਚ ਤਬਦੀਲ ਕਰ ਦਿੱਤਾ ਜਾਵੇਗਾ।

7. ਜਿਹੜੇ ਕਰਮਚਾਰੀ ਇਹਨਾਂ ਵਿਚੋਂ ਕਿਸੇ ਕਾਪਰਪੋਰੇਸ਼ਨ ਜਾਂ ਪੰਜਾਬ ਪੁਲਿਸ ਦੇ ਦੂਜੇ ਦਫਤਰਾਂ ਵਿਚ ਡੈਪੁਟੇਸ਼ਨ ਤੇ ਤਾਇਨਾਤ ਹਨ ਜਾਂ ਰਿਟਾਇਰ ਹੋ ਚੁੱਕੇ ਹਨ, ਨੂੰ ਉਪਰੋਕਤ ਬਾਰੇ ਸੂਚਿਤ ਕਰਨ ਅਤੇ ਆਪਸ਼ਨ ਲੈਣ ਦੀ ਜਿਮੇਵਾਰੀ ਉਹਨਾਂ ਦੇ ਪਿੱਤਰੀ ਜਿਲ੍ਹਾ/ਯੂਨਿਟਾਂ ਦੀ ਹੋਵੇਗੀ।

8. ਜੇਕਰ ਕਿਸੇ ਕਰਮਚਾਰੀ ਦੀ ਆਪਸ਼ਨ ਨਹੀਂ ਆਉਂਦੀ ਹੈ ਜਾਂ ਆਪਸਨ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਸਬੰਧੀ ਪ੍ਰਬੰਧਕੀ ਅਧਾਰ ਤੇ ਸੀਨੀਅਰਤਾ -ਕਮ- ਮੈਰਿਟ ਨੂੰ ਧਿਆਨ ਵਿਚ ਰੱਖ ਕੇ ਫੈਸਲਾ ਲਿਆ ਜਾਵੇਗਾ ਅਤੇ ਇਹ ਮੰਨ ਲਿਆ ਜਾਵੇਗਾ ਕਿ ਕਰਮਚਾਰੀ ਦੀ ਪਹਿਲੀ ਆਪਸਨ ਜਿਲ੍ਹਾ ਪੁਲਿਸ ਅਤੇ ਦੂਸਰੀ ਆਪਸਨ ਆਰਮਡ ਬਟਾਲੀਅਨਜ ਹੋਵੇਗੀ।

ਸਹੀਜ-
ਡੀ.ਆਈ.ਜੀ., ਪ੍ਰਸ਼ਾਸਨ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰ: /ਈ-1(2) ਮਿਤੀ:-

ਉਪਰੋਕਤ ਦਾ ਉਤਾਰਾ ਸਮੇਤ 3001 ਕਰਮਚਾਰੀਆਂ ਦੀ ਸੂਚੀ, ਇੰਚਾਰਜ, ਪੰਜਾਬ ਪੁਲਿਸ ਵੈਬਸਾਇਟ ਨੂੰ ਪੰਜਾਬ ਪੁਲਿਸ ਵੈੱਬਸਾਇਟ ਤੇ ਅੱਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਸਹੀਜ-
ਡੀ.ਆਈ.ਜੀ., ਪ੍ਰਸ਼ਾਸਨ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।